# ਖਾਣਿਆਂ ਦੀ ਸਰਵਿਸ ਲਈ ਭਾਂਡੇ




SINGLE-USE & PLASTIC WASTE PREVENTION REGULATION

gov.bc.ca/reuse

**ਖਾਣਿਆਂ ਦੀ ਸਰਵਿਸ ਲਈ ਭਾਂਡੇ ਕਿਹੜੇ ਹਨ?** ਸੁੱਟਣਯੋਗ ਟੇਕ-ਆਊਟ ਕਨਟੇਨਰ ਅਤੇ ਕੁਝ ਪੈਕਿਜਿੰਗ – ਜਿਸ ਵਿਚ ਕਟੋਰੇ, ਬੌਕਸ, ਡੱਬੇ, ਕੱਪ, ਪਲੇਟਾਂ, ਥਾਲੀਆਂ, ਟਰੇਆਂ, ਜੁੜੇ ਹੋਏ ਕਨਟੇਨਰ, ਢੱਕਣਾਂ ਵਾਲੇ ਕਨਟੇਨਰ, ਆਂਡਿਆਂ ਦੇ ਡੱਬੇ ਅਤੇ ਫਿਲਮ ਰੈਪ ਸ਼ਾਮਲ ਹਨ – ਜਿਹੜੇ ਕਿ ਖਾਣਿਆਂ ਅਤੇ ਪੀਣ ਵਾਲੀਆ ਚੀਜ਼ਾਂ ਨੂੰ ਸਾਂਭਣ ਲਈ ਵਰਤੇ ਜਾਂਦੇ ਹਨ।

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

15 ਜੁਲਾਈ, 2024 ਤੋਂ ਕਾਰੋਬਾਰ, ਬੀ.ਸੀ. ਵਿਚ ਖਾਣਿਆਂ ਦੀ ਸਰਵਿਸ ਲਈ, ਪੋਲੀਸਟਾਰੀਨ ਫੋਮ (ਜਿਵੇਂ ਸਟਾਇਰੋਫੋਮ) ਸਮੇਤ ਰੀਸਾਇਕਲ ਕਰਨ ਲਈ ਔਖੀਆਂ ਖਾਸ ਪਲਾਸਟਿਕਾਂ ਤੋਂ ਬਣੇ ਇਕ ਵਾਰੀ ਵਰਤੇ ਜਾਣ ਵਾਲੇ (ਵਰਤ ਕੇ ਸੁੱਟਣਯੋਗ) ਭਾਂਡੇ ਵੰਡ ਜਾਂ ਵੇਚ ਨਹੀਂ ਸਕਦੇ, ਜਾਂ ਖਾਣਿਆਂ ਜਾਂ ਪੀਣ ਵਾਲੀਆਂ ਵਸਤਾਂ ਨੂੰ ਪੈਕ ਕਰਨ ਲਈ ਵਰਤ ਨਹੀਂ ਸਕਦੇ।

ਮਨ੍ਹਾ



## ਤੁਹਾਨੂੰ ਕੀ ਕਰਨ ਦੀ ਲੋੜ ਹੈ

### ਸਾਰੇ ਕਾਰੋਬਾਰਾਂ ਨੂੰ ਇਹ ਕਰਨ ਦੀ ਲੋੜ ਹੈ:

1. **ਕਲਾਸ ਬੀ ਸਾਮੱਗਰੀ ਨਾਲ ਬਣੇ ਖਾਣਿਆਂ ਦੀ ਸਰਵਿਸ ਲਈ ਭਾਂਡੇ ਵੇਚਣਾ ਬੰਦ ਕਰੋ**

   ਖਾਣਿਆਂ ਦੀ ਸਰਵਿਸ ਲਈ ਬਾਇਓਡੀਗਰੇਡੇਬਲ ਪਲਾਸਟਿਕ, ਔਕਸੋ-ਡੀਗਰੇਡੇਬਲ ਪਲਾਸਟਿਕ, ਪੀ ਵੀ ਸੀ, ਪੀ ਵੀ ਡੀ ਸੀ ਜਾਂ ਪੋਲੀਸਟਾਰੀਨ ਫੋਮ ਤੋਂ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿਚ ਬਣੇ ਇਕ ਵਾਰੀ ਵਰਤ ਕੇ ਸੁੱਟਣ ਯੋਗ ਭਾਂਡੇ ਵੇਚੋ ਜਾਂ ਵੰਡੋ ਨਾ। ਕੰਪੋਸਟੇਬਲ ਪਲਾਸਟਿਕ ਤੋਂ ਬਣੀਆਂ ਵਸਤਾਂ ਦੀ ਅਜੇ ਵੀ ਆਗਿਆ ਹੈ।

2. **ਕਲਾਸ ਬੀ ਸਾਮੱਗਰੀ ਵਿਚ ਪੈਕ ਖਾਣੇ ਅਤੇ ਪੀਣ ਵਾਲੀਆਂ ਚੀਜ਼ਾਂ ਵੇਚਣਾ ਬੰਦ ਕਰੋ**

   ਪੈਕੇਜ ਕੀਤੇ ਖਾਣੇ – ਜਿਵੇਂ ਕਿ ਕੱਪ ਵਿਚ ਇਨਸਟੈਂਟ ਨੂਡਲਜ਼ ਜਾਂ ਡੱਬੇ ਵਿਚ ਆਂਡੇ – ਕਟੋਰਿਆਂ, ਡੱਬਿਆਂ, ਰੈਪਾਂ ਜਾਂ ਬਾਇਓਡੀਗਰੇਡੇਬਲ ਪਲਾਸਟਿਕ, ਔਕਸੋ-ਡੀਗਰੇਡੇਬਲ ਪਲਾਸਟਿਕ, ਪੀ ਵੀ ਸੀ, ਪੀ ਵੀ ਡੀ ਸੀ ਜਾਂ ਪੋਲੀਸਟਾਰੀਨ ਫੋਮ ਤੋਂ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿਚ ਬਣੀ ਹੋਰ ਪੈਕਿੰਗ ਵਿਚ ਨਾ ਵੇਚੋ। ਕੰਪੋਸਟੇਬਲ ਪਲਾਸਟਿਕ ਤੋਂ ਬਣੀਆਂ ਵਸਤਾਂ ਦੀ ਅਜੇ ਵੀ ਆਗਿਆ ਹੈ।

### ਖਾਣਿਆਂ ਦੀ ਸਰਵਿਸ ਦੇਣ ਵਾਲਿਆਂ ਨੂੰ ਇਹ ਕਰਨ ਦੀ ਵੀ ਲੋੜ ਹੈ:

3. **ਟੇਕ-ਆਊਟ ਅਤੇ ਡਲਿਵਰੀ ਲਈ ਕਲਾਸ ਏ ਵਿਚ ਮਨਾਹੀ ਵਾਲੀ ਸਾਮੱਗਰੀ ਤੋਂ ਬਣੇ ਕਨਟੇਨਰਾਂ ਦੀ ਵਰਤੋਂ ਬੰਦ ਕਰੋ**

   ਟੂ-ਗੋ ਆਰਡਰ (ਜਾਂ ਕੋਈ ਵੀ ਹੋਰ ਖਾਣੇ ਜਾਂ ਪੀਣ ਵਾਲੀਆਂ ਚੀਜ਼ਾਂ ਜਿਹੜੀਆਂ ਤੁਸੀਂ ਫੌਰੀ ਖਪਤ ਲਈ ਤਿਆਰ ਕਰਦੇ ਹੋ) ਕੰਪਸੋਟੇਬਲ ਪਲਾਸਟਿਕ, ਬਾਇਓਡੀਗਰੇਡੇਬਲ ਪਲਾਸਟਿਕ, ਔਕਸੋ-ਡੀਗਰੇਡੇਬਲ ਪਲਾਸਟਿਕ, ਪੀ ਵੀ ਸੀ, ਪੀ ਵੀ ਡੀ ਸੀ ਜਾਂ ਪੋਲੀਸਟਾਰੀਨ ਫੋਮ ਤੋਂ ਪੂਰੀ ਤਰ੍ਹਾਂ ਜਾਂ ਅੰਸ਼ਕ ਰੂਪ ਵਿਚ ਬਣੇ ਵਰਤੋਂ ਤੋਂ ਬਾਅਦ ਸੁੱਟਣ ਯੋਗ ਡੱਬਿਆਂ ਵਿਚ ਪੈਕ ਨਾ ਕਰੋ।

## ਕਲਾਸ ਏ ਅਤੇ ਕਲਾਸ ਬੀ ਸਾਮੱਗਰੀ ਕੀ ਹੈ?

| ਮਨ੍ਹਾ | ਏ | ਬੀ |
|---|---|---|
| ਕੰਪਸੋਟੇਬਲ ਪਲਾਸਟਿਕ | ✖ | |
| ਬਾਇਓਡੀਗਰੇਡੇਬਲ ਪਲਾਸਟਿਕ | ✖ | ✖ |
| ਔਕਸੋ-ਡੀਗਰੇਡੇਬਲ ਪਲਾਸਟਿਕ | ✖ | ✖ |
| 1 ਜੁਲਾਈ, 2028 ਤੋਂ ਬਾਅਦ ਪੌਲੀਵਾਇਨਲ ਕਲੋਰਾਈਡ (ਪੀ ਵੀ ਸੀ) | ✖ | ✖ |
| ਪੌਲੀਵਾਇਨਲਡੀਨ ਕਲੋਰਾਈਡ (ਪੀ ਵੀ ਡੀ ਸੀ) | ✖ | ✖ |
| ਪੌਲੀਸਟਾਰੀਨ ਫੋਮ | ✖ | ✖ |

## ਇਹ ਤੱਥ ਸ਼ੀਟ, ਨਿਯਮ ਦੀ ਪਾਲਣਾ ਕਰਨ ਵਿਚ ਬੀ.ਸੀ. ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਇਕ ਟੂਲਕਿੱਟ ਦਾ ਹਿੱਸਾ ਹੈ।

**ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕਾਂ ਦੇ ਬਦਲ ਲੱਭ ਰਹੇ ਹੋ?** ਬਦਲਾਂ ਲਈ ਸਾਡੀ ਸੌਖੀ ਗਾਈਡ, ਅਤੇ ਇਸ ਦੇ ਨਾਲ ਨਾਲ ਬੰਦਸ਼ਾਂ ਵਾਲੀਆਂ ਹੋਰ ਚੀਜ਼ਾਂ ਬਾਰੇ ਤੱਥ ਸ਼ੀਟਾਂ ਅਤੇ ਹੋਰ ਛਪਣਯੋਗ ਟੂਲਜ਼ ਲਓ – ਜਿਨ੍ਹਾਂ ਵਿਚ ਉਹ ਪੋਸਟਰ ਅਤੇ ਸਾਈਨ ਵੀ ਸ਼ਾਮਲ ਹਨ ਜਿਹੜੇ ਤੁਸੀਂ ਆਪਣੇ ਸਟਾਫ ਅਤੇ ਗਾਹਕਾਂ ਨੂੰ ਜਾਣਕਾਰੀ ਦੇਣ ਲਈ ਵਰਤ ਸਕਦੇ ਹੋ – gov.bc.ca/reuse ’ਤੇ।



*ਇਕ ਵਾਰੀ ਵਰਤਣ ਵਾਲੀਆਂ ਚੀਜ਼ਾਂ ਅਤੇ ਪਲਾਸਟਿਕ ਦੇ ਗਾਰਬੇਜ ਤੋਂ ਰੋਕਥਾਮ ਲਈ ਨਿਯਮ ਰਾਹੀਂ, ਬੀ.ਸੀ. ਬਹੁਤ ਸਾਰੀਆਂ ਇਕ ਵਾਰੀ ਵਰਤੀਆਂ ਜਾਣ ਵਾਲੀਆਂ ਪਲਾਸਟਿਕ ਦੀਆਂ ਰੀਸਾਇਕਲ ਕਰਨ ਲਈ ਔਖੀਆਂ ਚੀਜ਼ਾਂ ਨੂੰ ਹੌਲੀ ਹੌਲੀ ਘਟਾ ਰਿਹਾ ਹੈ – ਗਾਰਬੇਜ ਘਟਾਉਂਦੇ ਹੋਏ, ਸਾਡੇ ਵਾਤਾਵਾਰਣ ਦੀ ਰਖਵਾਲੀ ਕਰਦੇ ਹੋਏ, ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਲਈ ਇਕ ਸਾਫ਼-ਸੁਥਰਾ ਭਵਿੱਖ ਬਣਾਉਂਦੇ ਹੋਏ।*

BRITISH COLUMBIA | Ministry of Environment and Climate Change Strategy

## ਨਿਯਮਾਂ ਅਧੀਨ ਇਨ੍ਹਾਂ ਚੀਜ਼ਾਂ ਨੂੰ ਛੋਟ ਹੈ, ਅਤੇ ਇਨ੍ਹਾਂ ਨੂੰ ਵਰਤਣਾ ਜਾਰੀ ਰੱਖਿਆ ਜਾ ਸਕਦਾ ਹੈ।

**ਛੋਟਾਂ**



**1 ਜੁਲਾਈ, 2028 ਤੱਕ** ਪੌਲੀਵਾਇਨਲ ਕਲੋਰਾਈਡ (ਪੀ ਵੀ ਸੀ) ਫਿਲਮ ਰੈਪ ਨੂੰ **ਛੋਟ ਹੈ**



ਫਰੋਜ਼ਨ ਕੱਚੇ ਮੀਟ, ਪੋਲਟਰੀ, ਸੀਅਫੂਡ ਜਾਂ ਮੱਛੀ ਲਈ (ਪਰ ਸੁਸ਼ੀ ਲਈ ਨਹੀਂ) ਪੌਲੀਸਟਾਰੀਨ ਫੋਮ ਦੀਆਂ ਟਰੇਆਂ – **1 ਜੁਲਾਈ, 2030 ਤੱਕ ਛੋਟ ਹੈ**



ਪੇਪਰ ਅਤੇ ਪਲਾਂਟ-ਫਾਇਬਰ ਦੇ ਟੇਕ-ਆਊਟ ਅਤੇ ਡਲਿਵਰੀ ਕਨਟੇਨਰ, ਜਿਨ੍ਹਾਂ ਵਿਚ ਕੰਪਸੋਟੇਬਲ ਪਲਾਸਟਿਕ ਜਾਂ ਹੋਰ ਮਨਜ਼ੂਰਸ਼ੁਦਾ ਪਲਾਸਟਿਕ ਨਾਲ ਪੱਕੇ ਕੀਤੇ ਕਨਟੇਨਰ ਸ਼ਾਮਲ ਹਨ



ਫੂਡ ਸਰਵਿਸ ਲਈ ਉਹ ਭਾਂਡੇ ਜਿਹੜੇ ਬੀ.ਸੀ. ਤੋਂ ਬਾਹਰ ਵੇਚੇ ਜਾਂ ਵੰਡੇ ਜਾਣ ਲਈ ਹਨ



ਉਹ ਖਾਣੇ ਅਤੇ ਡ੍ਰਿੰਕਸ ਜਿਹੜੇ ਬੀ.ਸੀ. ਤੋਂ ਬਾਹਰ ਵੇਚੇ ਜਾਂ ਵੰਡੇ ਜਾਣ ਲਈ ਹਨ